ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫ਼ੋਨ ਨੰ:0172- 2623207, 2620106**
**ਫੈਕਸ:0172-2624687 ਈ-ਮੇਲssapunjab@yahoo.com**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ

ਮੀਮੋ ਨੰ: ਏ.ਐਸ.ਪੀ.ਡੀ(ਮੀਡੀਆ)/ਸਸਅ/2010/62092-62111
ਮਿਤੀ ਚੰਡੀਗੜ੍ਹ 30-09-10

**ਵਿਸ਼ਾ:-ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਨੂੰ ਅੰਗਰੇਜ਼ੀ ਦੀ ਟ੍ਰੇਨਿੰਗ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ ਅੰਦਰ ਸਿੱਖਿਆ ਅੰਦਰ ਗੁਣਵੱਤਾ ਲਿਆਉਣ ਪੱਖੋਂ ਪੜ੍ਹੋ ਪੰਜਾਬ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ।ਪਿਛਲੇ ਸਾਲ ਦੌਰਾਨ ਪੜ੍ਹੋ ਪੰਜਾਬ ਪ੍ਰੋਜੈਕਟ ਅਧੀਨ ਪੰਜਾਬੀ ਭਾਸ਼ਾ ਅਤੇ ਗਣਿਤ ਵਿਸ਼ੇ ਦੀ ਪੜ੍ਹਾਈ ਕਰਵਾਈ ਜਾਂਦੀ ਸੀ ਪਰ ਇਸ ਸਾਲ ਤੋਂ ਜਮਾਤ ਪਹਿਲੀ ਤੋਂ ਪੰਜਵੀਂ ਤੱਕ ਦੇ ਸਾਰੇ ਬੱਚਿਆਂ ਨੂੰ ਅੰਗਰੇਜ਼ੀ ਭਾਸ਼ਾ ਨਾਲ ਜੋੜਿਆ ਗਿਆ ਹੈ। ਤਾਂ ਜੋ ਸਾਡੇ ਬੱਚੇ ਅੰਗਰੇਜ਼ੀ ਭਾਸ਼ਾ ਦੀ ਵੀ ਚੰਗੀ ਮੁਹਾਰਤ ਹਾਸਲ ਕਰ ਸਕਣ। ਇਸ ਸਬੰਧ ਵਿਚ ਮਾਸਟਰ ਟ੍ਰੇਨਰ ਨੂੰ ਚੰਡੀਗੜ੍ਹ ਵਿਖੇ ਮਿਤੀ 20 ਤੋਂ 25 ਸਤੰਬਰ ਤੱਕ ਅੰਗਰੇਜ਼ੀ ਦੀ ਟ੍ਰੇਨਿੰਗ ਦਿੱਤੀ ਜਾ ਚੁੱਕੀ ਹੈ। ਅੱਗੋਂ ਹੁਣ ਇਹ ਆਪਣੇ ਆਪਣੇ ਜ਼ਿਲ੍ਹੇ ਅੰਦਰ ਮਿਤੀ 4 ਅਕਤੂਬਰ ਤੋਂ 6 ਅਕਤੂਬਰ ਤੱਕ ਪਹਿਲਾ ਜ਼ਿਲ੍ਹੇ ਦੇ ਸਾਰੇ ਸੀ.ਐਮ.ਟੀ. ਅਤੇ ਬੀ.ਐਮ.ਟੀ. ਨੂੰ ਟ੍ਰੇਨਿੰਗ ਦੇਣਗੇ।

3.0 ਬੀ.ਐਮ.ਟੀ./ਸੀ.ਐਮ.ਟੀ. ਬਲਾਕ ਪੱਧਰ ਤੇ ਪ੍ਰਾਇਮਰੀ ਸਕੂਲਾਂ ਅੰਦਰ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਟ੍ਰੇਨਿੰਗ ਹੇਠ ਲਿਖੇ ਸ਼ਡਿਊਲ ਅਨੁਸਾਰ ਕਰਵਾਈ ਜਾਵੇਗੀ:-

| ਲੜੀ ਨੰ. | ਫੇਜ਼ | ਮਿਤੀ | ਸਮਾਂ | ਸਥਾਨ |
|---|---|---|---|---|
| 1. | ਪਹਿਲਾ | 13 ਤੋਂ 15 ਅਕਤੂਬਰ ਤੱਕ | 9:00 ਤੋਂ 3:30 ਵਜੇ ਤੱਕ | ਬਲਾਕ ਪੱਧਰ |
| 2. | ਦੂਸਰਾ | 18 ਤੋਂ 20 ਅਕਤੂਬਰ ਤੱਕ | 9:00 ਤੋਂ 3:30 ਵਜੇ ਤੱਕ | ਬਲਾਕ ਪੱਧਰ |
| 3. | ਤੀਸਰਾ | 25 ਤੋਂ 27 ਅਕਤੂਬਰ ਤੱਕ | 9:00 ਤੋਂ 3:30 ਵਜੇ ਤੱਕ | ਬਲਾਕ ਪੱਧਰ |
| 4. | ਚੌਥਾ (ਜ਼ਿਲ੍ਹਾ ਪ੍ਰੀਸ਼ਦ ਅਧੀਨ ਕੰਮ ਕਰਦੇ ਅਧਿਆਪਕਾਂ ਦੀ ਸਿਖਲਾਈ) | 28 ਤੋਂ 30 ਅਕਤੂਬਰ ਤੱਕ | 9:00 ਤੋਂ 3:30 ਵਜੇ ਤੱਕ | ਬਲਾਕ ਪੱਧਰ |
| 5. | ਪੰਜਵਾਂ (ਜ਼ਿਲ੍ਹਾ ਪ੍ਰੀਸ਼ਦ ਅਧੀਨ ਕੰਮ ਕਰਦੇ ਅਧਿਆਪਕਾਂ ਦੀ ਸਿਖਲਾਈ ) | 1 ਤੋਂ 3 ਨਵੰਬਰ ਤੱਕ | 9:00 ਤੋਂ 3:30 ਵਜੇ ਤੱਕ | ਬਲਾਕ ਪੱਧਰ |

4.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਜ਼ਿਲ੍ਹਾ ਪ੍ਰੀਸ਼ਦ ਦੇ ਅਧਿਆਪਕਾਂ ਦੀ ਅਧਿਆਪਕ ਸਿਖਲਾਈ ਸਬੰਧੀ ਆਪਣੇ ਪੱਧਰ ਤੇ ਡਿਪਟੀ ਕਮਿਸ਼ਨਰ ਅਤੇ ਵਧੀਕ ਡਿਪਟੀ

ਕਮਿਸ਼ਨਰ (ਵਿਕਾਸ) ਨਾਲ ਮੀਟਿੰਗ ਕਰਕੇ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਅਧਿਆਪਕਾਂ ਦੀ ਟ੍ਰੇਨਿੰਗ ਸਮੇਂ ਸਿਰ ਹੋ ਰਹੀ ਹੈ ਅਤੇ ਸਕੂਲਾਂ ਵਿਚ ਭੇਜੇ ਜਾਣ ਵਾਲੇ ਮਟੀਰੀਅਲ ਦੀ ਵਰਤੋਂ ਵੀ ਇਹਨਾਂ ਸਕੂਲਾਂ ਦੇ ਬੱਚਿਆਂ ਲਈ ਕੀਤੀ ਜਾ ਰਹੀ ਹੈ।

5.0 ਆਪ ਜੀ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਪ੍ਰਾਇਮਰੀ ਅਧਿਆਪਕਾਂ ਦੀਆਂ ਟ੍ਰੇਨਿੰਗਾਂ ਦੌਰਾਨ ਕੋਈ ਵੀ ਸਕੂਲ ਬੰਦ ਨਹੀਂ ਹੋਣਾ ਚਾਹੀਦਾ। ਜੇਕਰ ਕਿਸੇ ਕਾਰਨ ਸਰਕਾਰੀ ਸਕੂਲ ਵਿੱਚ ਇੱਕ ਅਧਿਆਪਕ ਹੈ ਤਾਂ ਉਸ ਦੀ ਥਾਂ ਤੇ ਬਦਲਵਾਂ ਪ੍ਰਬੰਧ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)/ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਵੱਲੋਂ ਕਰਨਾ ਜ਼ਰੂਰੀ ਹੋਵੇਗਾ। ਇਸੇ ਤਰ੍ਹਾਂ ਜੇਕਰ ਸਕੂਲ ਵਿੱਚ ਤਿੰਨ ਅਧਿਆਪਕ ਹਨ ਤਾਂ ਸ਼ਡਿਊਲ ਦੇ ਅਨੁਸਾਰ ਹਰੇਕ ਗਰੁੱਪ ਵਿੱਚ ਇੱਕ ਇੱਕ ਅਧਿਆਪਕ ਹੀ ਟ੍ਰੇਨਿੰਗ ਲਏਗਾ ਨਾ ਕਿ ਇੱਕ ਗਰੁੱਪ ਵਿੱਚ ਦੋ ਅਧਿਆਪਕ ਜਾਂ ਤਿੰਨੇ ਅਧਿਆਪਕ ਇੱਕਠੇ ਟ੍ਰੇਨਿੰਗ ਵਿੱਚ ਸ਼ਾਮਿਲ ਹੋਣਗੇ।

6.0 ਟ੍ਰੇਨਿੰਗਾਂ ਦੌਰਾਨ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਬਲਾਕ ਪੱਧਰ ਤੇ ਹੋਣ ਵਾਲੀਆਂ ਇਹਨਾਂ ਟ੍ਰੇਨਿੰਗਾਂ ਵਿੱਚ ਜਰਨੇਟਰ, ਪੀਣ ਵਾਲੇ ਪਾਣੀ ਅਤੇ ਬੈਠਣ ਦਾ ਪ੍ਰਬੰਧ ਵੀ ਵਧੀਆ ਹੋਣਾ ਚਾਹੀਦਾ ਹੈ।

7.0 ਟ੍ਰੇਨਿੰਗਾਂ ਲੈਣ ਆਏ ਅਧਿਆਪਕਾਂ ਨੂੰ ਆਖਰੀ ਦਿਨ ਉਹਨਾਂ ਦਾ ਮਾਣਭੱਤਾ ਜ਼ਰੂਰ ਦਿੱਤਾ ਜਾਵੇ। ਮਾਣਭੱਤਾ ਦੇਣ ਲਈ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਇਹ ਕਿਸੇ ਵੀ ਹਾਲਤ ਵਿੱਚ ਬੀ.ਐਮ.ਟੀ./ਸੀ.ਐਮ.ਟੀ. ਨੂੰ ਇਹ ਕੰਮ ਨਾ ਸੌਂਪਿਆ ਜਾਵੇ ਬਲਕਿ ਬੀ.ਪੀ.ਸੀ., ਬੀ.ਪੀ.ਈ.ਓ. ਜਾਂ ਫਿਰ ਡਾਇਟ ਪ੍ਰਿੰਸੀਪਲ ਦੀ ਇਸ ਸਬੰਧੀ ਡਿਊਟੀ ਲਗਾਈ ਜਾਵੇ।

8.0 ਸੀ.ਐਮ.ਟੀ./ਬੀ.ਐਮ.ਟੀ. ਦਾ ਕੰਮ ਅਧਿਆਪਕਾਂ ਨੂੰ ਸਿਰਫ ਟ੍ਰੇਨਿੰਗ ਦੇਣਾ ਹੀ ਹੋਵੇਗਾ ਨਾ ਕਿ ਕਿਸੇ ਕਿਸਮ ਦੇ ਪ੍ਰਬੰਧ ਜਿਵੇਂ ਜਰਨੇਟਰ, ਪਾਣੀ ਅਤੇ ਸਟੇਸ਼ਨਰੀ ਆਦਿ ਕਰਨਾ ਹੋਵੇਗਾ। ਜੇਕਰ ਇਸ ਸਬੰਧੀ ਕਿਸੇ ਵੀ ਬਲਾਕ ਅੰਦਰੋਂ ਮੁੱਖ ਦਫ਼ਤਰ ਨੂੰ ਕੋਈ ਸੂਚਨਾ ਪ੍ਰਾਪਤ ਹੁੰਦੀ ਹੈ ਤਾਂ ਸਬੰਧਤ ਬੀ.ਪੀ.ਈ.ਓ. ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਇਸ ਸਬੰਧੀ ਜ਼ਿੰਮੇਵਾਰ ਹੋਣਗੇ।

9.0 ਟ੍ਰੇਨਿੰਗ ਦੇਣ ਲਈ ਤਿੰਨ ਮੈਂਬਰੀ ਰਿਸੋਰਸ ਗਰੁੱਪ ਹੋਵੇਗਾ।

10.0 ਇਹਨਾਂ ਟ੍ਰੇਨਿੰਗਾਂ ਵਿੱਚ ਸਿੱਖਿਆ ਕਰਮੀ/ਏ.ਆਈ.ਈ. ਵਲੰਟੀਅਰ ਵੀ ਅਧਿਆਪਕਾਂ ਦੇ ਨਾਲ ਹੀ ਟ੍ਰੇਨਿੰਗਾਂ ਵਿੱਚ ਭਾਗ ਲੈਣਗੇ।

11.0 ਜੇਕਰ ਕੋਈ ਅਧਿਆਪਕ ਟ੍ਰੇਨਿੰਗਾਂ ਦੌਰਾਨ ਹੁਕਮਾਂ ਦੀ ਪਾਲਣਾ ਨਹੀਂ ਕਰਦਾ ਤਾਂ ਉਸ ਖਿਲਾਫ਼ ਤੁਰੰਤ ਵਿਭਾਗੀ ਕਾਰਵਾਈ ਕਰਦਿਆਂ ਇਸ ਦੀ ਸੂਚਨਾ ਇਸ ਦਫ਼ਤਰ ਨੂੰ ਕੀਤੀ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ/62112 ਮਿਤੀ 30-09-10

ਉਤਾਰਾ:-(1) ਏ.ਐਸ.ਪੀ.ਡੀ. ਪੈਡਾਗੋਜ਼ੀ/ਟੀਚਰ ਟ੍ਰੇਨਿੰਗ

(2) ਸਮੂਹ ਪ੍ਰਿੰਸੀਪਲ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ

(3) ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

(4) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (ਵੈਬਸਾਇਟ ਰਾਹੀਂ)

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**